# ਪੰਜਾਬੀ ਪ੍ਰਬੋਧ ਪ੍ਰੀਖਿਆ ਸਬੰਧੀ ਨਿਯਮ

1. ਸਰਕਾਰੀ ਹਦਾਇਤਾਂ ਅਨੁਸਾਰ ਪੰਜਾਬੀ ਪ੍ਰਬੋਧ ਪ੍ਰੀਖਿਆ ਉਹ ਉਮੀਦਵਾਰ ਦੇ ਸਕਦਾ ਹੈ, ਜਿਸ ਨੇ ਪੰਜਾਬ ਸਰਕਾਰ ਦੀ ਕਿਸੇ ਆਸਾਮੀ (ਟੀਚਿੰਗ ਆਸਾਮੀਆਂ ਤੋਂ ਬਿਨਾਂ) ਲਈ ਅਪਲਾਈ ਕਰਨਾ ਹੋਵੇ।
2. ਹਦਾਇਤਾਂ ਅਨੁਸਾਰ ਪ੍ਰੀਖਿਆ ਲਈ ਦੋ ਪਰਚੇ (ਪਰਚਾ ੳ ਅਤੇ ਅ) ਲਏ ਜਾਣਗੇ। ਉਮੀਦਵਾਰ ਨੂੰ ਪ੍ਰੀਖਿਆ ਪਾਸ ਕਰਨ ਲਈ ਦੋਵੇਂ ਪਰਚੇ ਦੇਣੇ ਲਾਜ਼ਮੀ ਹੋਣਗੇ ਅਤੇ ਦੋਹਾਂ ਪਰਚਿਆਂ ਵਿੱਚ ਪਾਸ ਹੋਣਾ ਜ਼ਰੂਰੀ ਹੈ। (ਇਹ ਨਿਯਮ ਸਤੰਬਰ 2022 ਤੋਂ ਲਾਗੂ ਹੋਏ)
3. ਪੰਜਾਬੀ ਪ੍ਰਬੋਧ ਪ੍ਰੀਖਿਆ ਦੇਣ ਵਾਲੇ ਉਮੀਦਵਾਰਾਂ ਲਈ ਨਿਰਧਾਰਿਤ ਯੋਗਤਾ ਗ੍ਰੈਜੂਏਸ਼ਨ ਹੈ। ਜੇਕਰ ਪੰਜਾਬ ਸਰਕਾਰ ਦੀ ਕਿਸੇ ਗਰੁੱਪ 'ਸੀ' ਆਸਾਮੀ ਲਈ ਯੋਗਤਾ ਭਰਤੀ ਕਰਨ ਵਾਲੇ ਵਿਭਾਗ ਵੱਲੋਂ ਡਿਪਲੋਮਾ ਰੱਖੀ ਗਈ ਹੈ ਤਾਂ ਉਹ ਉਮੀਦਵਾਰ ਵੀ ਪੰਜਾਬੀ ਪ੍ਰਬੋਧ ਪ੍ਰੀਖਿਆ ਦੇ ਸਕਦਾ ਹੈ।
4. ਪੰਜਾਬੀ ਪ੍ਰਬੋਧ ਦੀ ਪ੍ਰੀਖਿਆ ਸਰਕਾਰ ਤੋਂ ਲਈ ਪਰਵਾਨਗੀ ਅਨੁਸਾਰ ਸਾਲ ਵਿੱਚ ਚਾਰ ਵਾਰ ਜਿਵੇਂ ਕਿ ਮਾਰਚ, ਜੂਨ, ਸਤੰਬਰ ਅਤੇ ਦਸੰਬਰ ਮਹੀਨਿਆਂ ਵਿੱਚ ਬਿਨਾਂ ਕਿਸੇ ਵਿਗਿਆਪਨ ਦੀ ਸ਼ਰਤ ਦੇ ਕਰਵਾਈ ਜਾਂਦੀ ਹੈ।
5. ਇਹ ਪ੍ਰੀਖਿਆ ਪੰਜਾਬ ਸਰਕਾਰ ਵਲੋਂ ਪੰਜਾਬ ਵਿੱਚ ਸਰਕਾਰੀ ਆਸਾਮੀ ਲਈ ਪੰਜਾਬੀ ਦਾ ਗਿਆਨ ਰੱਖਣ ਲਈ ਨਿਰਧਾਰਿਤ ਕੀਤੀ ਗਈ ਹੈ ਇਸ ਲਈ ਪੰਜਾਬੀ ਪ੍ਰਬੋਧ ਪ੍ਰੀਖਿਆ ਦੇਣ ਵਾਲੇ ਉਮੀਦਵਾਰ ਦੀ ਉਮਰ 18 ਸਾਲ ਤੋਂ 37 ਸਾਲ ਨਿਰਧਾਰਿਤ ਕੀਤੀ ਗਈ ਹੈ। ਉਮਰ ਦੀ ਸੀਮਾ ਲਈ ਪੰਜਾਬ ਸਰਕਾਰ ਦੀਆਂ ਸਮੇਂ ਸਮੇਂ ਜਾਰੀ ਹਦਾਇਤਾਂ ਅਨੁਸਾਰ ਉਮੀਦਵਾਰ ਉਮਰ ਦੇ ਵਿੱਚ ਛੋਟ ਲੈ ਸਕਦਾ ਹੈ।
6. ਪੰਜਾਬੀ ਪ੍ਰਬੋਧ ਪ੍ਰੀਖਿਆ ਵਿੱਚ ਮੁੜ ਮੁਲਾਂਕਣ ਦਾ ਕੋਈ ਉਪਬੰਧ ਨਹੀਂ ਹੈ।
7. ਪੰਜਾਬੀ ਪ੍ਰਬੋਧ ਪ੍ਰੀਖਿਆ ਲਈ ਜਮ੍ਹਾਂ ਕਰਵਾਈ ਗਈ ਫੀਸ ਕਿਸੇ ਵੀ ਹਾਲਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ।
8. ਪੰਜਾਬੀ ਪ੍ਰਬੋਧ ਪ੍ਰੀਖਿਆ ਦੇ ਜਾਰੀ ਕੀਤੇ ਸਰਟੀਫਿਕੇਟ ਵਿੱਚ ਜੇਕਰ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਸਰਟੀਫਿਕੇਟ ਜਾਰੀ ਹੋਣ ਤੋਂ ਛੇ ਮਹੀਨ ਦੇ ਅੰਦਰ-ਅੰਦਰ ਤਰੁੱਟੀ ਨੂੰ ਦਰੁਸਤ ਕਰਵਾਇਆ ਜਾ ਸਕਦਾ ਹੈ।
9. ਜੇਕਰ ਕੋਈ ਉਮੀਦਵਾਰ ਪ੍ਰੀਖਿਆ ਵਿੱਚ ਨਕਲ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦਾ ਪਰਚਾ ਰੱਦ ਕਰਨ ਉਪਰੰਤ ਉਸ ਨੂੰ ਤਿੰਨ ਸਾਲ ਲਈ ਪੰਜਾਬੀ ਪ੍ਰਬੋਧ ਪ੍ਰੀਖਿਆ ਤੋਂ ਬਾਹਰ ਕੀਤਾ ਜਾਵੇਗਾ।
10. ਪਰਚਾ ੳ ਵਿੱਚੋਂ ਪਾਸ ਉਮੀਦਵਾਰ ਦਾ ਹੀ ਪਰਚਾ ਅ ਚੈੱਕ ਕੀਤਾ ਜਾਵੇਗਾ।

(ਜਸਵੰਤ ਸਿੰਘ ਜ਼ਫ਼ਰ)
**ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ**